ISSN: 2584-0509



(Page 343 to 344)

# ਬੱਚਿਆਂ ਦੀ ਜਿਗਿਆਸਾ ਵਧਾਉਣ ਵਾਲਾ ਵਿਗਿਆਨਕ ਨਾਵਲ: ਡੀ97



ਸਮੀਖਿਅਕ
ਡਾ. ਚਰਨਜੀਤ ਕੌਰ ਬਰਾੜ
ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ
+91 9878447758



ਲੇਖਕ ਬੇਅੰਤ ਸਿੰਘ ਬਾਜਵਾ
ਪ੍ਰਕਾਸ਼ਕ: ਹਾਊਸ ਆਫ਼
ਲਿਟਰੇਚਰ, ਲੁਧਿਆਣਾ।
ਪੰਨੇ:70
ਮੁੱਲ:200

ਬੇਅੰਤ ਸਿੰਘ ਬਾਜਵਾ ਰਚਿਤ ਨਾਵਲ ਡੀ 97 ਬੱਚਿਆਂ ਦੀ ਜਿਗਿਆਸਾ ਵਧਾਉਣ ਵਾਲਾ ਵਿਗਿਆਨਕ ਨਾਵਲ ਹੈ ਜਿਸ ਵਿੱਚ ਨਾਵਲਕਾਰ ਤਿੰਨ ਦੋਸਤਾਂ ਰਾਹੀਂ ਸਮੁੱਚੇ ਬਾਲ ਜਗਤ ਨੂੰ ਸਮੇ ਦੀ ਯਾਤਰਾ ਕਰਵਾਉਂਦਾ ਹੈ। ਸਮੇ ਦੀ ਇਹੀ ਯਾਤਰਾ ਅਤੇ ਇਸ ਦੇ ਵਿਭਿੰਨ ਪੜਾਅ ਇਸ ਨਾਵਲ ਨੂੰ ਵਿਗਿਆਨਕ ਸ਼ੈਲੀ ਵਿੱਚ ਲਿਆ ਖੜਾ ਕਰਦੇ ਹਨ।

ਇਸ ਨਾਵਲ ਦੀ ਕਹਾਣੀ ਤਿੰਨ ਦੋਸਤਾਂ ਅਰਸ਼, ਮੋਹਕ ਅਤੇ ਮਿਹਰ ਤੇ ਆਧਾਰਿਤ ਹੈ ਜੋ ਇੱਕ ਦਿਨ ਘੁੰਮਦੇ ਘੁੰਮਦੇ ਕਿਸੇ ਵਰ੍ਹਿਆਂ ਤੋਂ ਬੰਦ ਪਏ ਦਰਵਾਜ਼ੇ ਰਾਹੀਂ ਇੱਕ ਰਹੱਸਮਈ ਸੰਸਾਰ ਦੀ ਯਾਤਰਾ ਤੇ ਨਿੱਕਲ ਤੁਰਦੇ ਹਨ। ਉਹਨਾਂ ਨਾਲ ਮੋਹਕ ਦਾ ਛੋਟਾ ਜਿਹਾ ਪਾਲਤੂ ਕੁੱਤਾ ਚਿੰਟੂ ਵੀ ਹੈ, ਜੋ ਇਸ ਵਿਗਿਆਨਕ-ਰਹੱਸਮਈ ਸੰਸਾਰ ਵਿੱਚ ਹਮੇਸ਼ਾ ਉਹਨਾਂ ਦੇ ਨਾਲ ਰਹਿੰਦਾ ਹੈ। ਡੀ 97 ਨਾਲ ਅਰੰਭਿਕ ਮੁਲਾਕਾਤ ਬਾਅਦ ਉਹ ਸਮੇ ਦੇ ਚੱਕਰ ਦਾ ਰਹੱਸ ਭਾਲਦੇ-ਭਾਲਦੇ ਕਿਸੇ ਰਹੱਸਮਈ ਸੰਸਾਰ ਵਿੱਚ ਵਿਚਰਦੇ ਹੋਏ ਅਤੀਤ, ਵਰਤਮਾਨ ਅਤੇ ਭਵਿੱਖ ਦੀ ਯਾਤਰਾ ਕਰਦੇ ਹਨ। ਨਾਵਲ ਵਿੱਚ ਪਰਛਾਵੇਂ ਦਾ ਵਾਰ ਵਾਰ ਪ੍ਰਗਟ ਹੋਣਾ ਜਿੱਥੇ ਬੱਚਿਆ ਦੇ ਸਾਹ ਸਤ ਸੁੱਕਾ ਦਿੰਦਾ ਹੈ ਉੱਥੇ ਹੀ ਉਹਨਾਂ ਨੂੰ ਵਕਤ ਦੀਆਂ ਚੁਣੌਤੀਆਂ ਨਾਲ ਲੜਨ ਦਾ ਬਲ ਵੀ ਦਿੰਦਾ ਹੈ। ਡੀ 97 ਦੇ ਮਾਰਗਦਰਸ਼ਨ ਵਿੱਚ ਬੱਚੇ ਸਮੇ ਦੀ ਵਚਿੱਤਰ ਯਾਤਰਾ ਕਰਦੇ ਹਨ।

ਨਾਵਲ ਵਿੱਚ ਵਰਤੇ ਗਏ ਬਿੰਬ ਅਤੇ ਬਿਰਤਾਂਤ ਬੱਚਿਆਂ ਨੂੰ ਬਹੁਤ ਆਸਾਨੀ ਨਾਲ ਸਮਝ ਆਉਣ ਵਾਲੇ ਹਨ। ਨਾਵਲਕਾਰ ਦੀ ਬਿਰਤਾਂਤ ਸ਼ੈਲੀ ਬਾਕਮਾਲ ਹੈ। ਉਸ ਦੇ ਸ਼ਬਦਾਂ ਵਿੱਚ ਤਾਜ਼ਗੀ ਵੀ ਹੈ ਅਤੇ ਸੁਹਿਰਦਤਾ ਵੀ। ਫਲੈਸ਼ਬੈਕ ਅੰਦਾਜ਼ ਵਿੱਚ ਲਿਖੇ ਇਸ ਨਾਵਲ ਦੀ ਰਚਨਾ ਬੇਸ਼ੱਕ ਇੱਕ ਬੱਚੇ ਦੇ ਸੁਪਨੇ ਦੀ ਯਾਤਰਾ ਹੈ ਲੇਕਿਨ ਇਹ ਸਾਰੇ ਬੱਚਿਆਂ ਤੇ ਬਰਾਬਰ ਢੁੱਕਦੀ ਹੈ। ਸਮੇਂ ਦਾ ਸੰਕਲਪ, ਅਤੀਤ ਦਿਸ਼ਾ ਅਤੇ ਯਾਦ ਦੀਆਂ ਚਾਬੀਆਂ, ਪਰਛਾਵਾਂ ਅਤੇ ਰੋਬੋਟ ਸਾਰੇ ਹੀ ਬੱਚਿਆਂ ਵਿੱਚ ਜਗਿਆਸਾ ਪੈਦਾ ਕਰਦੇ ਹਨ। ਪੁਸਤਕ ਦੇ ਹਰੇਕ ਪੰਨੇ ਉੱਤੇ ਚਿੱਤਰਕਾਰੀ ਕੀਤੀ ਗਈ ਹੈ ਜਾਨੀ ਤਸਵੀਰਾਂ ਰਾਹੀਂ ਵੀ ਨਾਵਲ ਤੁਰਦਾ ਹੈ ਅਤੇ ਨਾਵਲ ਪੜਦੇ ਸਮੇਂ ਇਹ ਤਸਵੀਰਾਂ ਪਾਠਕ ਨੂੰ ਦ੍ਰਿਸ਼ ਸਮਝਾਉਣ ਵਿੱਚ ਸਹਾਈ ਹੁੰਦੀਆਂ ਹਨ।

ਕੁੱਲ ਮਿਲਾ ਕੇ ਬੇਅੰਤ ਸਿੰਘ ਬਾਜਵਾ ਦਾ ਬੱਚਿਆਂ ਦੇ ਸੁਪਨਮਈ ਸੰਸਾਰ ਦੀ ਨਬਜ਼ ਪਛਾਣਦਾ ਇਹ ਨਾਵਲ ਵਿਗਿਆਨਕ ਜਾਣਕਾਰੀ ਵੀ ਦਿੰਦਾ ਹੈ ਅਤੇ ਪਰਛਾਵੇ ਦੇ

ਕਿਰਦਾਰ ਰਾਹੀਂ ਰਹੱਸਮਈ ਵੀ ਹੋ ਨਿੱਬੜਦਾ ਹੈ।

ਨਾਵਲ ਇੱਕ ਵਿਗਿਆਨੀ ਦੇ ਪ੍ਰੋਜੈਕਟ I Time ਦੀਆਂ ਗੁੰਝਲਾਂ ਨੂੰ ਸੁਲਝਾਉਂਦਾ ਹੋਇਆ ਸਹਿਜੇ ਹੀ ਬੱਚਿਆਂ ਨੂੰ ਸਮੇ ਦੀ ਯਾਤਰਾ ਕਰਵਾ ਜਾਂਦਾ ਹੈ। ਉਮੀਦ ਹੈ ਇਹ ਨਾਵਲ ਬਾਲ ਸਾਹਿਤ ਵਿੱਚ ਵਰਣਨਯੋਗ ਵਾਧਾ ਕਰੇਗਾ ਅਤੇ ਬਾਲ ਜਗਤ ਵੱਲੋਂ ਭਰਪੂਰ ਸਰਾਹਿਆ ਜਾਵੇਗਾ। ਬੇਅੰਤ ਸਿੰਘ ਬਾਜਵਾ ਦੀ ਕਥਾ ਸ਼ੈਲੀ ਵਿੱਚੋਂ ਭਵਿੱਖ ਦੇ ਉੱਚ ਕੋਟੀ ਦੇ ਨਾਵਲਕਾਰ ਦੇ ਦਰਸ਼ਨ ਹੁੰਦੇ ਹਨ।

****